Bal Bharati PUBLIC SCHOOL LUDHIANA

**Name -** ____________ **Class IV** **Date-18.03.24**

**Roll No.** __________ **Final Term Test (March 2024)** **M.Marks : 80**

**Time: 3hrs** **Subject-Punjabi**

(ਭਾਗ - ੳ)

(ੳ) ਬਹੁ-ਵਿਕਲਪੀ ਪ੍ਰਸ਼ਨ- (6)

1. ਸੋਭਾ ਸਿੰਘ ਜੀ ਦੀ ਉਮਰ ਕਿੰਨੀ ਸੀ ਜਦੋਂ ਉਨ੍ਹਾਂ ਦੀ ਮਾਂ ਦਾ ਸਵਰਗਵਾਸ ਹੋ ਗਿਆ? (ਤਿੰਨ ਸਾਲ, ਪੰਜ ਸਾਲ, ਛੇ ਸਾਲ)
2. ਅੱਜ ਦੇ ਅਨੇਕਾਂ ਚਿੱਤਰਕਾਰ ਸੋਭਾ ਸਿੰਘ ਦੇ ਚਿੱਤਰਾਂ ਤੋਂ ਕੀ ਲੈਂਦੇ ਹਨ? (ਉਧਾਰ, ਰੰਗ , ਸੇਧ )
3. ਤਿਉਹਾਰ ਤੇ ਮੇਲੇ ਮੇਲੀਆਂ ਦੇ ਕੀ ਕਰਾਉਂਦੇ ਹਨ? (ਵਿਛੋੜਾ, ਮਿਲਾਪ, ਝਗੜੇ)
4. ਰੱਖੜੀ ਦਾ ਤਿਉਹਾਰ ਕਿਸਦੇ ਪਿਆਰ ਦਾ ਪ੍ਰਤੀਕ ਹੈ? (ਮਾਂ ਤੇ ਧੀ ਦੇ, ਮਾਂ ਤੇ ਪੁੱਤਰ ਦੇ, ਭੈਣ-ਭਰਾ ਦੇ)
5. ਨਿੱਕੂ ਦੇ ਸਕੂਲ ਵਿੱਚ ਕਿਹੜਾ ਦਿਨ ਮਨਾਇਆ ਜਾਣਾ ਸੀ? (ਸਪੋਰਟਸ ਡੇ, ਜਲ ਦਿਵਸ, ਰੁੱਖ ਲਗਾਓ ਦਿਵਸ)
6. ਵਿਸ਼ਵਾਸ ਦੀ ਅਤੀ ਸਾਡੇ ਵਿੱਚ ਕੀ ਪੈਦਾ ਕਰਦੀ ਹੈ? (ਕਮਜ਼ੋਰੀ, ਅੰਧ ਵਿਸ਼ਵਾਸ, ਕੁਝ ਵੀ ਨਹੀਂ)

(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। (16)

7. ਕਿਸ ਮੇਲੇ ਨੂੰ ਮੇਲਿਆਂ ਦਾ ਸਰਦਾਰ ਕਿਹਾ ਜਾਂਦਾ ਹੈ?
8. ਸੋਭਾ ਸਿੰਘ ਨੇ ਆਪਣਾ ਟਿਕਾਣਾ ਅੰਧਰੇਟੇ ਵਿੱਚ ਕਿਉਂ ਬਣਾਇਆ?
9. 'ਤਿਉਹਾਰ' ਕਵਿਤਾ ਵਿੱਚ ਆਏ ਕੋਈ ਚਾਰ ਮੇਲਿਆਂ ਦੇ ਨਾਂ ਲਿਖੋ?
10. ਸਾਨੂੰ ਹਮੇਸ਼ਾ ਕਿਸੇ ਕੰਮ ਬਾਰੇ ਕੀ ਕਹਿਣਾ ਚਾਹੀਦਾ ਹੈ?
11. ਸਾਡਾ ਆਤਮ ਵਿਸ਼ਵਾਸ ਸਾਡੇ ਕੋਲੋਂ ਕੀ ਕੁਝ ਕਰਵਾ ਸਕਦਾ ਹੈ?
12. ਸੋਭਾ ਸਿੰਘ ਜੀ ਨੇ ਕਿੱਥੇ-ਕਿੱਥੇ ਕੰਮ ਕੀਤਾ?
13. ਦੀਵਾਲੀ ਦਾ ਤਿਉਹਾਰ ਕਿਹੜੀ ਰਾਤ ਨੂੰ ਆਉਂਦਾ ਹੈ ਤੇ ਲੋਕ ਇਸਨੂੰ ਕਿਵੇਂ ਮਨਾਉਂਦੇ ਹਨ?
14.ਦਰੱਖਤ ਤੋਂ ਉਤਰਨ ਵਿੱਚ ਆਉਂਦੀ ਔਖ ਦੇ ਬਾਵਜੂਦ ਨਿੱਕੂ ਦੇ ਮਾਤਾ-ਪਿਤਾ ਨੇ ਉਸਦੀ ਮਦਦ ਕਿਉਂ ਨਹੀਂ ਕੀਤੀ ?

(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ। (10)

15. ਵਸਤਰ - (ਰੋਸ / ਲਟਕਾਉਣਾ / ਕੱਪੜੇ)
16. ਤਸਵੀਰਕਸ਼ੀ - (ਚਿੱਤਰਕਲਾ / ਹਫ਼ਤਾਵਾਰ / ਕਲਾ ਪ੍ਰੇਮੀ)
17. ਨੱਥ ਪਾਉਣੀ - (ਯੁੱਧ / ਨਸੀਬ / ਖ਼ਤਮ ਕਰਨਾ)
18. ਫ਼ਰਕ - (ਦੇਣਾ / ਅੰਤਰ / ਤੇਜ਼ੀ)
19. ਸਤਿਕਾਰ - (ਮਾਣ / ਛੋਟੇ ਬੂਟੇ / ਕਸਰਤ)
20. ਸਪੋਰਟਸ ਡੇ - (ਅਜ਼ਾਦੀ ਦਿਵਸ / ਕਲਾ ਦਿਵਸ / ਖੇਡ ਦਿਵਸ)
21. ਬਦੀ - (ਬੁਰਾਈ / ਸਾਜਿਸ਼ / ਮੂਰਖ਼ਤਾ)
22. ਭਾਗ ਲੈਣਾ - (ਜੁੜਨਾ / ਲੜਾਈ / ਹਿੱਸਾ ਲੈਣਾ)
23. ਬ੍ਰਹਿਮੰਡ - (ਪਤਾਲ ਲੋਕ / ਸੰਸਾਰ / ਯੁੱਧ )
24. ਫਸਟ - (ਅੱਵਲ / ਫੇਲ / ਮੂਰਖ )

(ਸ) ਖ਼ਾਲੀ ਥਾਵਾਂ ਭਰੋ। (4)

25. ਦੁਨੀਆ ਇੱਕ ___________ ਦੇ ਸਹਾਰੇ ਹੀ ਟਿਕੀ ਹੋਈ ਹੈ।

26. ਲੋਹੜੀ ਦਾ ਤਿਉਹਾਰ _____________ ਨੂੰ ਆਉਂਦਾ ਹੈ।

27. ___________ ਸੋਭਾ ਸਿੰਘ ਦਾ ਬਣਾਇਆ ਪ੍ਰਸਿੱਧ ਚਿੱਤਰ ਹੈ।

28. ਗੁਰੂ ਰਵਿਦਾਸ ਜੀ ਨੇ ___________ ਤਾਰੇ।

(ਹ) ਵਾਕ ਬਣਾਉ - (8)

29. ਅਸਤੀਫ਼ਾ - ____________________________________________________।
30. ਮਨ-ਭਾਉਂਦੇ - ____________________________________________________।
31. ਖੁਸ਼ੀਆਂ - ____________________________________________________।
32. ਪਾਲਣ-ਪੋਸ਼ਣ - ____________________________________________________।

(ਕ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ। (2)

33. ਜੋ ਬੁੱਤ ਘੜਦਾ ਹੈ- __________

34. ਚਿੱਤਰ ਬਣਾਉਣ ਦੀ ਕਲਾ- __________

(ਖ) ਸਹੀ ਜਾਂ ਗ਼ਲਤ ਲਿਖੋ । (4)

35. ਜੇ ਤੁਸੀਂ ਆਪਣੇ ਆਪ ਵਿੱਚ ਵਿਸ਼ਵਾਸ ਰੱਖੋਗੇ ਤਾਂ ਜ਼ਰੂਰ ਤਰੱਕੀ ਕਰੋਗੇ। (    )

36. ਸੋਭਾ ਸਿੰਘ ਜੀ ਨੂੰ ਕੁਦਰਤ ਨਾਲ ਬਹੁਤ ਪਿਆਰ ਸੀ। (    )

37. ਸੋਭਾ ਸਿੰਘ ਨੇ ਆਪਣੇ ਚਿੱਤਰਾਂ ਵਿੱਚ ਸਿਰਫ਼ ਪੋਸਟਰ ਰੰਗਾਂ ਦਾ ਹੀ ਪ੍ਰਯੋਗ ਕੀਤਾ। (    )

38. ਨਿੱਕੂ ਨੇ ਬਗ਼ੈਰ ਸੋਚੇ ਸਮਝੇ ਪਾਪਾ ਦੇ ਕਹਿਣ ਤੇ ਛਾਲ ਮਾਰ ਦਿੱਤੀ। (    )

(ਗ) ਗਿਣਤੀ - (4)

39. 33 -

40. 38 -

41. 36 -

42. 39 -

(ਘ) ਸ਼ੁੱਧ ਸ਼ਬਦ ਉੱਤੇ ਗੋਲਾ ਲਗਾਓ- (3)

43. ਆਛਤੀਫਾ ਅਸਤਿਫਾ ਅਸਤੀਫ਼ਾ

44. ਚੇਟਕ ਚੈਟਕ ਚਟਿਕ

45. ਚੀਤਰਕਾਰੀ ਚਿਤਰਕਾਰੀ ਚਿੱਤਰਕਾਰੀ

(ਙ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਖਾਨਿਆਂ ਵਿੱਚੋਂ ਚੁਣੋ- (3)

46. 'ਦੀਵਾਲੀ' ਕੀ ਹੈ? (ਨਾਂਵ, ਪੜਨਾਂਵ, ਵਿਸ਼ੇਸ਼ਣ)

47. 'ਨੇਕੀ' ਦਾ ਵਿਰੋਧੀ ਸ਼ਬਦ ਚੁਣੋ। (ਭਲਾਈ, ਮਹਾਨਤਾ, ਬਦੀ)

48. 'ਉਤਸ਼ਾਹ' ਸ਼ਬਦ ਦਾ ਕੀ ਅਰਥ ਹੈ? (ਜੋਸ਼, ਨਿਰਾਸ਼, ਉਦਾਸ)

(ਚ) ਹੇਠ ਲਿਖੀਆਂ ਕਾਵਿ ਸਤਰਾਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ। (2)

"ਇਹ ਸਾਡੇ ਤਿਉਹਾਰ ਤੇ ਮੇਲੇ,

ਮੇਲੀਆਂ ਦੇ ਕਰਾਉਂਦੇ ਮੇਲੇ,

ਆਉਂਦੇ ਨੇ ਇਹ ਸਾਲੋ-ਸਾਲ,

ਖੁਸ਼ੀਆਂ ਵੰਡਣ ਨਾਲੋ-ਨਾਲ।"

49. ਇਨ੍ਹਾਂ ਕਾਵਿ-ਸਤਰਾਂ ਵਿੱਚ ਕਿਸ ਦੇ ਸਾਲੋ-ਸਾਲ ਆਉਣ ਦੀ ਗੱਲ ਕੀਤੀ ਗਈ ਹੈ?

50. ਤਿਉਹਾਰ ਤੇ ਮੇਲੇ ਕੀ ਵੰਡਦੇ ਹਨ?

ਭਾਗ ( ਅ)

(ੳ) ਅਣਡਿੱਠਾ ਪੈਰ੍ਹਾ (5)

ਇੱਕ ਵਾਰ ਇੱਕ ਪਿੰਡ ਵਿੱਚ ਇੱਕ ਮੁੰਡਾ ਰਹਿੰਦਾ ਸੀ।ਉਸ ਦਾ ਨਾਂ ਮਨੂੰ ਸੀ।ਮਨੂੰ ਬਚਪਨ ਵਿੱਚ ਹੀ ਬਹੁਤ ਸੋਹਣੀ ਬੰਸਰੀ ਵਜਾਉਣ ਲੱਗ ਪਿਆ ਸੀ।ਉਸ ਨੇ ਬੰਸਰੀ ਵਿੱਚ ਕਈ ਭਾਂਤ-ਭਾਂਤ ਦੀਆਂ ਧੁਨਾਂ ਕੱਢਣੀਆਂ ਸਿੱਖ ਲਈਆਂ ਸਨ। ਮਨੂੰ ਦੀ ਬੰਸਰੀ ਦੀ ਅਵਾਜ਼ ਸੁਣ ਕੇ ਕੀ ਬੱਚੇ, ਕੀ ਬੁੱਢੇ ਅਤੇ ਜੁਆਨ ਸਭ ਮੋਹਿਤ ਹੋ ਜਾਂਦੇ ਸਨ।ਇੱਥੋਂ ਤੱਕ ਕਿ ਪਸ਼ੂ ਵੀ ਉਸ ਦੀ ਅਵਾਜ਼ ਉੱਤੇ ਮੋਹਿਤ ਹੋ ਜਾਂਦੇ ਸਨ।ਜਦ ਉਹ ਖ਼ੁਸ਼ੀ ਵਾਲੀ ਧੁਨ ਵਜਾਉਂਦਾ ਤਾਂ ਸੁਣਨ ਵਾਲੇ ਨੱਚਣ ਲੱਗ ਪੈਂਦੇ ਸਨ ਤੇ ਉਦਾਸੀ ਵਾਲੀ ਧੁਨ ਵਜਾਉਣ ਨਾਲ ਸਾਰੇ ਉਦਾਸ ਹੋ ਜਾਂਦੇ।ਉਹ ਆਪਣੇ ਇਸ ਹੁਨਰ ਕਾਰਨ ਬਹੁਤ ਪ੍ਰਸਿੱਧ ਹੋ ਗਿਆ।ਇਸ ਕਾਰਨ ਕੁਝ ਲੋਕ ਉਸਦੇ ਦੁਸ਼ਮਣ ਵੀ ਹੋ ਗਏ।ਇੱਕ ਦਿਨ ਜੰਗਲ ਵਿੱਚੋਂ ਜਾਂਦੇ ਹੋਏ ਕੁਝ ਬਘਿਆੜ ਉਸ ਉੱਤੇ ਹਮਲਾ ਕਰਨ ਲਈ ਉਸਦੇ ਪਿੱਛੇ ਪੈ ਗਏ।ਪਰ ਮਨੂੰ ਡਰਿਆ ਨਾ ਤੇ ਉਸਨੇ ਬੰਸਰੀ ਵਜਾਉਣੀ ਸ਼ੁਰੂ ਕਰ ਦਿੱਤੀ। ਬੰਸਰੀ ਦੀ ਧੁਨ ਸੁਣ ਕੇ ਸਾਰਾ ਜੰਗਲ ਝੂਮਣ ਲੱਗਾ ਤੇ ਬਘਿਆੜ ਵੀ ਸ਼ਿਕਾਰ ਕਰਨਾ ਭੁੱਲ ਗਏ।ਨਦੀ ਵਿੱਚੋਂ ਪਾਣੀ ਬਾਹਰ ਆ ਗਿਆ ਤੇ ਮੱਛੀਆਂ ਵੀ ਨੱਚਣ ਲੱਗੀਆਂ।ਮਨੂੰ ਨੇ ਜਦੋਂ ਦੇਖਿਆ ਕਿ ਪਾਣੀ ਕੰਢਿਆਂ ਤੋਂ ਬਾਹਰ ਆ ਗਿਆ ਤਾਂ ਉਸਨੇ ਬੰਸਰੀ ਵਜਾਉਣੀ ਬੰਦ ਕਰ ਦਿੱਤੀ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

51. ਮਨੂੰ ਕਿਹੜਾ ਸਾਜ਼ ਬਹੁਤ ਸੁਹਣਾ ਵਜਾਉਣਾ ਸਿੱਖ ਗਿਆ ਸੀ?

52. ਮਨੂੰ ਦੀ ਬੰਸਰੀ ਸੁਣ ਕੇ ਕੌਣ-ਕੌਣ ਮੋਹਿਤ ਹੋ ਜਾਂਦਾ ਸੀ?

53. ਜੰਗਲ ਵਿੱਚੋਂ ਲੰਘਦਿਆਂ ਕਿਹੜੇ ਜਾਨਵਰ ਮਨੂੰ ਦੇ ਪਿੱਛੇ ਪੈ ਗਏ?

54. ਪੈਰ੍ਹੇ ਵਿੱਚੋਂ ਕੋਈ ਇੱਕ ਨਾਂਵ ਸ਼ਬਦ ਚੁਣ ਕੇ ਲਿਖੋ।

55. ਵਾਕ ਪੂਰਾ ਕਰੋ-

ਬੰਸਰੀ ਦੀ ਧੁਨ ਸੁਣ ਕੇ ਸਾਰਾ ਜੰਗਲ ਝੂਮਣ ਲੱਗਾ ਤੇ ..............................................।

(ਅ) ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦਾਂ ਹੇਠ ਲਾਈਨ ਲਗਾਓ। (5)

56. ਪਾਣੀ ਬਹੁਤ ਗਰਮ ਹੈ।
57. ਮੇਰੇ ਕੋਲ ਦੋ ਮੋਬਾਇਲ ਹਨ।
58. ਉਹ ਨਲਾਇਕ ਵਿਦਿਆਰਥੀ ਹੈ।
59. ਮੇਰਾ ਲੈਪਟਾਪ ਕੰਮ ਨਹੀਂ ਕਰ ਰਿਹਾ ਹੈ।
60. ਮੇਰੀ ਨੀਲੀ ਕਮੀਜ਼ ਨਹੀਂ ਲੱਭ ਰਹੀ।

(ੲ) ਲੇਖ

61. ਮੇਰਾ ਮਨਪਸੰਦ ਫਲ (ਕੋਈ ਅੱਠ ਲਾਈਨਾਂ ਲਿਖੋ) (8)

| | | |
|---|---|---|
| **Name - ____________** | **Class IV** | **Date-18.03.24** |
| **Roll No. __________** | **Final Term Test (March 2024)** | **M.Marks : 80** |
| **Time:3hrs** | **Ans Key** | **Subject-Punjabi** |

(ਭਾਗ - ੳ)

**(ੳ) ਬਹੁ-ਵਿਕਲਪੀ ਪ੍ਰਸ਼ਨ-** (6)

1. ਸੋਭਾ ਸਿੰਘ ਜੀ ਦੀ ਉਮਰ ਕਿੰਨੀ ਸੀ ਜਦੋਂ ਉਨ੍ਹਾਂ ਦੀ ਮਾਂ ਦਾ ਸਵਰਗਵਾਸ ਹੋ ਗਿਆ? (ਤਿੰਨ ਸਾਲ, **ਪੰਜ ਸਾਲ**, ਛੇ ਸਾਲ)
2. ਅੱਜ ਦੇ ਅਨੇਕਾਂ ਚਿੱਤਰਕਾਰ ਸੋਭਾ ਸਿੰਘ ਦੇ ਚਿੱਤਰਾਂ ਤੋਂ ਕੀ ਲੈਂਦੇ ਹਨ? (ਉਧਾਰ, ਰੰਗ , **ਸੇਧ** )
3. ਤਿਉਹਾਰ ਤੇ ਮੇਲੇ ਮੇਲੀਆਂ ਦੇ ਕੀ ਕਰਾਉਂਦੇ ਹਨ? (ਵਿਛੋੜਾ, **ਮਿਲਾਪ**, ਝਗੜੇ)
4. ਰੱਖੜੀ ਦਾ ਤਿਉਹਾਰ ਕਿਸਦੇ ਪਿਆਰ ਦਾ ਪ੍ਰਤੀਕ ਹੈ? (ਮਾਂ ਤੇ ਧੀ ਦੇ, ਮਾਂ ਤੇ ਪੁੱਤਰ ਦੇ, **ਭੈਣ-ਭਰਾ ਦੇ**)
5. ਨਿੱਕੂ ਦੇ ਸਕੂਲ ਵਿੱਚ ਕਿਹੜਾ ਦਿਨ ਮਨਾਇਆ ਜਾਣਾ ਸੀ? (**ਸਪੋਰਟਸ ਡੇ**, ਜਲ ਦਿਵਸ, ਰੁੱਖ ਲਗਾਓ ਦਿਵਸ)
6. ਵਿਸ਼ਵਾਸ ਦੀ ਅਤੀ ਸਾਡੇ ਵਿੱਚ ਕੀ ਪੈਦਾ ਕਰਦੀ ਹੈ? (ਕਮਜ਼ੋਰੀ, **ਅੰਧ ਵਿਸ਼ਵਾਸ**, ਕੁਝ ਵੀ ਨਹੀਂ)

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (16)

7. ਕਿਸ ਮੇਲੇ ਨੂੰ ਮੇਲਿਆਂ ਦਾ ਸਰਦਾਰ ਕਿਹਾ ਜਾਂਦਾ ਹੈ?

   **ਵਿਸਾਖੀ ਦੇ ਮੇਲੇ ਨੂੰ ਮੇਲਿਆਂ ਦਾ ਸਰਦਾਰ ਕਿਹਾ ਜਾਂਦਾ ਹੈ।**

8. ਸੋਭਾ ਸਿੰਘ ਨੇ ਆਪਣਾ ਟਿਕਾਣਾ ਅੰਧਰੇਟੇ ਵਿੱਚ ਕਿਉਂ ਬਣਾਇਆ?

   **ਕੁਦਰਤ ਨਾਲ ਅੰਤਾਂ ਦਾ ਮੋਹ ਹੋਣ ਕਾਰਨ ਸੋਭਾ ਸਿੰਘ ਨੇ ਆਪਣਾ ਟਿਕਾਣਾ ਅੰਧਰੇਟੇ ਵਿੱਚ ਬਣਾਇਆ।**

9. 'ਤਿਉਹਾਰ' ਕਵਿਤਾ ਵਿੱਚ ਆਏ ਕੋਈ ਚਾਰ ਮੇਲਿਆਂ ਦੇ ਨਾਂ ਲਿਖੋ?

   **ਇਸ ਕਵਿਤਾ ਵਿੱਚ ਲੋਹੜੀ, ਮਾਘੀ, ਹੋਲਾ-ਮਹੱਲਾ, ਵਿਸਾਖੀ, ਰੱਖੜੀ, ਦੁਸਹਿਰਾ, ਦੀਵਾਲੀ ਆਦਿ ਕਈ ਮੇਲਿਆਂ ਦੇ ਨਾਂ ਆਏ ਹਨ।**

10. ਸਾਨੂੰ ਹਮੇਸ਼ਾ ਕਿਸੇ ਕੰਮ ਬਾਰੇ ਕੀ ਕਹਿਣਾ ਚਾਹੀਦਾ ਹੈ?

    **ਸਾਨੂੰ ਹਰ ਕੰਮ ਬਾਰੇ ਹਮੇਸ਼ਾ ਇਹ ਕਹਿਣਾ ਚਾਹੀਦਾ ਹੈ ਕਿ ਮੈਂ ਇਸਨੂੰ ਕਰ ਸਕਦਾ ਹਾਂ।**

11. ਸਾਡਾ ਆਤਮ ਵਿਸ਼ਵਾਸ ਸਾਡੇ ਕੋਲੋਂ ਕੀ ਕੁਝ ਕਰਵਾ ਸਕਦਾ ਹੈ?

    **ਸਾਡਾ ਆਤਮ ਵਿਸ਼ਵਾਸ ਸਾਡੇ ਕੋਲੋਂ ਕੋਈ ਵੀ ਅਸੰਭਵ ਕੰਮ ਕਰਵਾ ਸਕਦਾ ਹੈ।**

12. ਸੋਭਾ ਸਿੰਘ ਜੀ ਨੇ ਕਿੱਥੇ-ਕਿੱਥੇ ਕੰਮ ਕੀਤਾ?

    **ਸੋਭਾ ਸਿੰਘ ਜੀ ਨੇ ਪਹਿਲਾਂ ਭਾਰਤੀ ਸੈਨਾ ਵਿੱਚ ਤੇ ਫਿਰ ਸੁਭਾਸ਼ ਸਟੂਡੀਓ ਖੋਲ੍ਹ ਕੇ ਤਸਵੀਰਕਸ਼ੀ ਵਿੱਚ ਕੰਮ ਕੀਤਾ।**

13. ਦੀਵਾਲੀ ਦਾ ਤਿਉਹਾਰ ਕਿਹੜੀ ਰਾਤ ਨੂੰ ਆਉਂਦਾ ਹੈ ਤੇ ਲੋਕ ਇਸਨੂੰ ਕਿਵੇਂ ਮਨਾਉਂਦੇ ਹਨ?

    **ਦੀਵਾਲੀ ਦਾ ਤਿਉਹਾਰ ਮੱਸਿਆ ਦੀ ਰਾਤ ਨੂੰ ਆਉਂਦਾ ਹੈ ਤੇ ਲੋਕ ਇਸਨੂੰ ਬੜੇ ਚਾਵਾਂ ਨਾਲ ਮਨਾਉਂਦੇ ਹਨ।**

14. ਦਰੱਖਤ ਤੋਂ ਉਤਰਨ ਵਿੱਚ ਆਉਂਦੀ ਔਖ ਦੇ ਬਾਵਜੂਦ ਨਿੱਕੂ ਦੇ ਮਾਤਾ-ਪਿਤਾ ਨੇ ਉਸਦੀ ਮਦਦ ਕਿਉਂ ਨਹੀਂ ਕੀਤੀ ?

    **ਨਿੱਕੂ ਦੇ ਮਨ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨ ਲਈ ਉਸਦੇ ਮਾਤਾ-ਪਿਤਾ ਨੇ ਉਸਦੀ ਮਦਦ ਨਹੀਂ ਕੀਤੀ।**

(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ। (10)

15. ਵਸਤਰ – (ਰੋਸ / ਲਟਕਾਉਣਾ / **ਕੱਪੜੇ**)
16. ਤਸਵੀਰਕਸ਼ੀ – (**ਚਿੱਤਰਕਲਾ** / ਹਫ਼ਤਾਵਾਰ / ਕਲਾ ਪ੍ਰੇਮੀ)
17. ਨੱਥ ਪਾਉਣੀ – (ਯੁੱਧ / ਨਸੀਬ / **ਖ਼ਤਮ ਕਰਨਾ**)
18. ਫ਼ਰਕ – (ਦੇਣਾ / **ਅੰਤਰ** / ਤੇਜ਼ੀ)
19. ਸਤਿਕਾਰ – (**ਮਾਣ** / ਛੋਟੇ ਬੂਟੇ / ਕਸਰਤ)
20. ਸਪੋਰਟਸ ਡੇ – (ਅਜ਼ਾਦੀ ਦਿਵਸ / ਕਲਾ ਦਿਵਸ / **ਖੇਡ ਦਿਵਸ**)
21. ਬਦੀ – (**ਬੁਰਾਈ** / ਸਾਜਿਸ਼ / ਮੂਰਖ਼ਤਾ)
22. ਭਾਗ ਲੈਣਾ – (ਜੁੜਨਾ / ਲੜਾਈ / **ਹਿੱਸਾ ਲੈਣਾ**)
23. ਬ੍ਰਹਿਮੰਡ – (ਪਤਾਲ ਲੋਕ / **ਸੰਸਾਰ** / ਯੁੱਧ )
24. ਫਸਟ – (**ਅੱਵਲ** / ਫੇਲ / ਮੂਰਖ )

(ਸ) ਖ਼ਾਲੀ ਥਾਵਾਂ ਭਰੋ। (4)

25. ਦੁਨੀਆ ਇੱਕ **ਵਿਸ਼ਵਾਸ** ਦੇ ਸਹਾਰੇ ਹੀ ਟਿਕੀ ਹੋਈ ਹੈ।
26. ਲੋਹੜੀ ਦਾ ਤਿਉਹਾਰ **13 ਜਨਵਰੀ** ਨੂੰ ਆਉਂਦਾ ਹੈ।
27. **ਸੋਹਣੀ-ਮਹੀਂਵਾਲ** ਸੋਭਾ ਸਿੰਘ ਦਾ ਬਣਾਇਆ ਪ੍ਰਸਿੱਧ ਚਿੱਤਰ ਹੈ।
28. ਗੁਰੂ ਰਵਿਦਾਸ ਜੀ ਨੇ **ਡੁੱਬਦੇ ਪੱਥਰ** ਤਾਰੇ। ।

(ਹ) ਵਾਕ ਬਣਾਉ – (8)

29. ਅਸਤੀਫ਼ਾ – **ਮੇਰੇ ਪਿਤਾ ਜੀ ਨੇ ਕੱਲ੍ਹ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।** (ਕੋਈ ਵੀ ਹੋਰ)
30. ਮਨ-ਭਾਉਂਦੇ – **ਹੋਲੀ ਤੇ ਦੀਵਾਲੀ ਮੇਰੇ ਮਨ-ਭਾਉਂਦੇ ਤਿਉਹਾਰ ਹਨ।** (ਕੋਈ ਵੀ ਹੋਰ)
31. ਖੁਸ਼ੀਆਂ – **ਤਿਉਹਾਰ ਜ਼ਿੰਦਗੀ ਵਿੱਚ ਖੁਸ਼ੀਆਂ ਲਿਆਉਂਦੇ ਹਨ।** (ਕੋਈ ਵੀ ਹੋਰ)
32. ਪਾਲਣ-ਪੋਸ਼ਣ- **ਸੋਭਾ ਸਿੰਘ ਦਾ ਪਾਲਣ-ਪੋਸ਼ਣ ਉਸਦੀ ਵੱਡੀ ਭੈਣ ਨੇ ਕੀਤਾ।** (ਕੋਈ ਵੀ ਹੋਰ)

(ਕ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ। (2)

33. ਜੋ ਬੁੱਤ ਘੜਦਾ ਹੈ- **ਬੁੱਤ-ਤਰਾਸ਼**
34. ਚਿੱਤਰ ਬਣਾਉਣ ਦੀ ਕਲਾ- **ਚਿੱਤਰਕਲਾ**

(ਖ) ਸਹੀ ਜਾਂ ਗ਼ਲਤ ਲਿਖੋ । (4)

35. ਜੇ ਤੁਸੀਂ ਆਪਣੇ ਆਪ ਵਿੱਚ ਵਿਸ਼ਵਾਸ ਰੱਖੋਗੇ ਤਾਂ ਜ਼ਰੂਰ ਤਰੱਕੀ ਕਰੋਗੇ। (**ਸਹੀ**)
36. ਸੋਭਾ ਸਿੰਘ ਜੀ ਨੂੰ ਕੁਦਰਤ ਨਾਲ ਬਹੁਤ ਪਿਆਰ ਸੀ। (**ਸਹੀ**)
37. ਸੋਭਾ ਸਿੰਘ ਨੇ ਆਪਣੇ ਚਿੱਤਰਾਂ ਵਿੱਚ ਸਿਰਫ਼ ਪੋਸਟਰ ਰੰਗਾਂ ਦਾ ਹੀ ਪ੍ਰਯੋਗ ਕੀਤਾ। (**ਗ਼ਲਤ**)
38. ਨਿੱਕੂ ਨੇ ਬਗ਼ੈਰ ਸੋਚੇ ਸਮਝੇ ਪਾਪਾ ਦੇ ਕਹਿਣ ਤੇ ਛਾਲ ਮਾਰ ਦਿੱਤੀ। (**ਸਹੀ**)

**(ਗ) ਸ਼ਬਦਾਂ ਦੇ ਅਰਥ ਲਿਖੋ-** (4)

39. 33 - ਤੇਤੀ
40. 38 - ਅਠੱਤੀ
41. 36 - ਛੱਤੀ
42. 39 - ਉਣਤਾਲ਼ੀ

**(ਘ) ਸ਼ੁੱਧ ਸ਼ਬਦ ਉੱਤੇ ਗੋਲਾ ਲਗਾਓ-** (3)

43. ਆਛਤੀਫਾ ਅਸਤਿਫਾ **ਅਸਤੀਫ਼ਾ**
44. **ਚੇਟਕ** ਚੈਟਕ ਚਟਿਕ
45. ਚੀਤਰਕਾਰੀ ਚਿਤਰਕਾਰੀ **ਚਿੱਤਰਕਾਰੀ**

**(ਚ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਖਾਨਿਆਂ ਵਿੱਚੋਂ ਚੁਣੋ-** (3)

46. 'ਦੀਵਾਲੀ' ਕੀ ਹੈ? (**ਨਾਂਵ**, ਪੜਨਾਂਵ, ਵਿਸ਼ੇਸ਼ਣ)

47. 'ਨੇਕੀ' ਦਾ ਵਿਰੋਧੀ ਸ਼ਬਦ ਚੁਣੋ। (ਭਲਾਈ, ਮਹਾਨਤਾ, **ਬਦੀ**)

48. 'ਉਤਸ਼ਾਹ' ਸ਼ਬਦ ਦਾ ਕੀ ਅਰਥ ਹੈ? (**ਜੋਸ਼**, ਨਿਰਾਸ਼, ਉਦਾਸ)

**(ਛ) ਹੇਠ ਲਿਖੀਆਂ ਕਾਵਿ ਸਤਰਾਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** (2)

"ਇਹ ਸਾਡੇ ਤਿਉਹਾਰ ਤੇ ਮੇਲੇ,

ਮੇਲੀਆਂ ਦੇ ਕਰਾਉਂਦੇ ਮੇਲੇ ,

ਆਉਂਦੇ ਨੇ ਇਹ ਸਾਲੋ-ਸਾਲ,

ਖੁਸ਼ੀਆਂ ਵੰਡਣ ਨਾਲੋ-ਨਾਲ।"

49. ਇਨ੍ਹਾਂ ਕਾਵਿ-ਸਤਰਾਂ ਵਿੱਚ ਕਿਸ ਦੇ ਸਾਲੋ-ਸਾਲ ਆਉਣ ਦੀ ਗੱਲ ਕੀਤੀ ਗਈ ਹੈ?

**ਇਨ੍ਹਾਂ ਕਾਵਿ-ਸਤਰਾਂ ਵਿੱਚ ਤਿਉਹਾਰਾਂ ਦੇ ਸਾਲੋ-ਸਾਲ ਆਉਣ ਦੀ ਗੱਲ ਕੀਤੀ ਗਈ ਹੈ।**

50. ਤਿਉਹਾਰ ਤੇ ਮੇਲੇ ਕੀ ਵੰਡਦੇ ਹਨ?

**ਤਿਉਹਾਰ ਤੇ ਮੇਲੇ ਖੁਸ਼ੀਆਂ ਵੰਡਦੇ ਹਨ।**

## ਭਾਗ ( ਅ)

**(ੳ) ਅਣਡਿੱਠਾ ਪੈਰ੍ਹਾ** (5)

ਇੱਕ ਵਾਰ ਇੱਕ ਪਿੰਡ ਵਿੱਚ ਇੱਕ ਮੁੰਡਾ ਰਹਿੰਦਾ ਸੀ।ਉਸ ਦਾ ਨਾਂ ਮਨੂੰ ਸੀ।ਮਨੂੰ ਬਚਪਨ ਵਿੱਚ ਹੀ ਬਹੁਤ ਸੋਹਣੀ ਬੰਸਰੀ ਵਜਾਉਣ ਲੱਗ ਪਿਆ ਸੀ।ਉਸ ਨੇ ਬੰਸਰੀ ਵਿੱਚ ਕਈ ਭਾਂਤ-ਭਾਂਤ ਦੀਆਂ ਧੁਨਾਂ ਕੱਢਣੀਆਂ ਸਿੱਖ ਲਈਆਂ ਸਨ। ਮਨੂੰ ਦੀ ਬੰਸਰੀ ਦੀ ਅਵਾਜ਼ ਸੁਣ ਕੇ ਕੀ ਬੱਚੇ, ਕੀ ਬੁੱਢੇ ਅਤੇ ਜੁਆਨ ਸਭ ਮੋਹਿਤ ਹੋ ਜਾਂਦੇ ਸਨ।ਇੱਥੋਂ ਤੱਕ ਕਿ ਪਸ਼ੂ ਵੀ ਉਸ ਦੀ ਅਵਾਜ਼ ਉੱਤੇ ਮੋਹਿਤ ਹੋ ਜਾਂਦੇ ਸਨ।ਜਦ ਉਹ ਖ਼ੁਸ਼ੀ ਵਾਲੀ ਧੁਨ ਵਜਾਉਂਦਾ ਤਾਂ ਸੁਣਨ ਵਾਲੇ ਨੱਚਣ ਲੱਗ ਪੈਂਦੇ ਸਨ ਤੇ ਉਦਾਸੀ ਵਾਲੀ ਧੁਨ ਵਜਾਉਣ ਨਾਲ ਸਾਰੇ ਉਦਾਸ ਹੋ ਜਾਂਦੇ।ਉਹ ਆਪਣੇ ਇਸ ਹੁਨਰ ਕਾਰਨ ਬਹੁਤ ਪ੍ਰਸਿੱਧ ਹੋ ਗਿਆ।ਇਸ ਕਾਰਨ ਕੁਝ ਲੋਕ ਉਸਦੇ ਦੁਸ਼ਮਣ ਵੀ ਹੋ ਗਏ।ਇੱਕ ਦਿਨ ਜੰਗਲ ਵਿੱਚੋਂ ਜਾਂਦੇ ਹੋਏ ਕੁਝ ਬਘਿਆੜ ਉਸ ਉੱਤੇ ਹਮਲਾ ਕਰਨ ਲਈ ਉਸਦੇ ਪਿੱਛੇ ਪੈ ਗਏ।ਪਰ ਮਨੂੰ ਡਰਿਆ ਨਾ ਤੇ ਉਸਨੇ ਬੰਸਰੀ ਵਜਾਉਣੀ ਸ਼ੁਰੂ ਕਰ ਦਿੱਤੀ। ਬੰਸਰੀ ਦੀ ਧੁਨ ਸੁਣ ਕੇ ਸਾਰਾ ਜੰਗਲ ਝੂਮਣ ਲੱਗਾ ਤੇ ਬਘਿਆੜ ਵੀ ਸ਼ਿਕਾਰ ਕਰਨਾ ਭੁੱਲ ਗਏ।ਨਦੀ ਵਿੱਚੋਂ ਪਾਣੀ ਬਾਹਰ ਆ ਗਿਆ ਤੇ ਮੱਛੀਆਂ ਵੀ ਨੱਚਣ ਲੱਗੀਆਂ।ਮਨੂੰ ਨੇ ਜਦੋਂ ਦੇਖਿਆ ਕਿ ਪਾਣੀ ਕੰਢਿਆਂ ਤੋਂ ਬਾਹਰ ਆ ਗਿਆ ਤਾਂ ਉਸਨੇ ਬੰਸਰੀ ਵਜਾਉਣੀ ਬੰਦ ਕਰ ਦਿੱਤੀ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

51. ਮਨੂੰ ਕਿਹੜਾ ਸਾਜ਼ ਬਹੁਤ ਸੁਹਣਾ ਵਜਾਉਣਾ ਸਿੱਖ ਗਿਆ ਸੀ?

    ਮਨੂੰ ਬੰਸਰੀ ਬਹੁਤ ਸੁਹਣੀ ਵਜਾਉਣੀ ਸਿੱਖ ਗਿਆ ਸੀ।

52. ਮਨੂੰ ਦੀ ਬੰਸਰੀ ਸੁਣ ਕੇ ਕੌਣ-ਕੌਣ ਮੋਹਿਤ ਹੋ ਜਾਂਦਾ ਸੀ?

    ਮਨੂੰ ਦੀ ਬੰਸਰੀ ਸੁਣ ਕੇ ਬੱਚੇ, ਬੁੱਢੇ, ਜਵਾਨ ਅਤੇ ਪਸ਼ੂ ਵੀ ਮੋਹਿਤ ਹੋ ਜਾਂਦੇ ਸਨ।

53. ਜੰਗਲ ਵਿੱਚੋਂ ਲੰਘਦਿਆਂ ਕਿਹੜੇ ਜਾਨਵਰ ਮਨੂੰ ਦੇ ਪਿੱਛੇ ਪੈ ਗਏ?

    ਜੰਗਲ ਵਿੱਚੋਂ ਲੰਘਦਿਆਂ ਬਘਿਆੜ ਮਨੂੰ ਦੇ ਪਿੱਛੇ ਪੈ ਗਏ।

54. ਪੈਰ੍ਹੇ ਵਿੱਚੋਂ ਕੋਈ ਇੱਕ ਨਾਂਵ ਸ਼ਬਦ ਚੁਣ ਕੇ ਲਿਖੋ।

    ਨਾਂਵ- ਮਨੂੰ, ਜੰਗਲ, ਬਘਿਆੜ, ਬੱਚੇ ਆਦਿ ( ਕੋਈ ਵੀ ਹੋਰ)

55. ਵਾਕ ਪੂਰਾ ਕਰੋ-

    ਬੰਸਰੀ ਦੀ ਧੁਨ ਸੁਣ ਕੇ ਸਾਰਾ ਜੰਗਲ ਝੂਮਣ ਲੱਗਾ ਤੇ ਬਘਿਆੜ ਵੀ ਸ਼ਿਕਾਰ ਕਰਨਾ ਭੁੱਲ ਗਏ।

(ਅ) ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦਾਂ ਹੇਠ ਲਾਈਨ ਲਗਾਓ। (5)

56. ਪਾਣੀ ਬਹੁਤ ਗਰਮ ਹੈ।
57. ਮੇਰੇ ਕੋਲ ਦੋ ਮੋਬਾਇਲ ਹਨ।
58. ਉਹ **ਨਲਾਇਕ** ਵਿਦਿਆਰਥੀ ਹੈ।
59. ਮੇਰਾ ਲੈਪਟਾਪ ਕੰਮ ਨਹੀਂ ਕਰ ਰਿਹਾ ਹੈ।
60. ਮੇਰੀ ਨੀਲੀ ਕਮੀਜ਼ ਨਹੀਂ ਲੱਭ ਰਹੀ।

(ੲ) 61. ਲੇਖ - ਮੇਰਾ ਮਨਪਸੰਦ ਫਲ਼ (8)

1. ਸਾਡੇ ਦੇਸ਼ ਵਿੱਚ ਕਈ ਪ੍ਰਕਾਰ ਦੇ ਫਲ਼ ਪਾਏ ਜਾਂਦੇ ਹਨ।।
2. ਇਹਨਾਂ ਵਿੱਚੋਂ ਸੇਬ, ਸੰਤਰਾ, ਕੇਲਾ, ਅੰਗੂਰ, ਅਮਰੂਦ ਆਦਿ ਬਹੁਤ ਹੀ ਪ੍ਰਸਿੱਧ ਹਨ।
3. ਮੈਨੂੰ ਇਹਨਾਂ ਵਿੱਚੋਂ ਅੰਬ ਬਹੁਤ ਪਸੰਦ ਹੈ।
4. ਅੰਬ ਗਰਮੀਆਂ ਦੀ ਰੁੱਤ ਦਾ ਫਲ਼ ਹੈ।
5. ਇਹ ਇੱਕ ਗੁੱਦੇਦਾਰ ਫਲ਼ ਹੈ।
6. ਇਸ ਵਿੱਚ ਵਿਟਾਮਿਨ ਏ, ਸੀ ਅਤੇ ਡੀ ਪਾਇਆ ਜਾਂਦਾ ਹੈ ।
7. ਅੰਬ ਕਈ ਰੰਗਾਂ, ਕਿਸਮਾਂ ਅਤੇ ਸਵਾਦਾਂ ਵਿੱਚ ਪਾਇਆ ਜਾਂਦਾ ਹੈ।
8. ਅੰਬ ਨੂੰ ਸਾਰੇ ਬੱਚੇ, ਬੁੱਢੇ ਅਤੇ ਜਵਾਨ ਪਸੰਦ ਕਰਦੇ ਹਨ।
9. ਗਰਮੀਆਂ ਵਿੱਚ ਅੰਬ ਦਾ ਅਚਾਰ, ਚਟਨੀਆਂ, ਸ਼ੇਕ ਅਤੇ ਮਠਿਆਈਆਂ ਬਣਦੀਆਂ ਹਨ।
10. ਅੰਬ ਨੂੰ ਫਲਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ( ਕੋਈ ਵੀ ਅੱਠ ਲਾਈਨਾਂ)